ਟੈਕਸੀ ਅਤੇ ਪ੍ਰਾਈਵੇਟ ਹਾਇਰ ਬਾਰੇ ਜਾਣਕਾਰੀ

ਟੈਕਸੀ ਅਤੇ ਪ੍ਰਾਈਵੇਟ ਹਾਇਰ (ਯਾਤਰਾ ਲਈ ਨਿੱਜੀ ਤੌਰ 'ਤੇ ਕਿਰਾਏ 'ਤੇ ਵਾਹਨ ਲੈਣ ਦੀਆਂ) ਸੇਵਾਵਾਂ

ਟੈਕਸੀਆਂ (ਕਾਲੀਆਂ ਕੈਬਜ਼) ਇੱਕੋ-ਇੱਕ ਅਜਿਹੇ ਵਾਹਨ ਹਨ ਜਿਨ੍ਹਾਂ ਨੂੰ ਸੜਕ 'ਤੇ ਜਾਂ ਨਿਯਤ ਟੈਕਸੀ ਅੱਡਿਆਂ 'ਤੇ ਅਵਾਜ਼ ਦੇ ਕੇ ਬੁਲਾਇਆ ਜਾ ਸਕਦਾ ਹੈ। ਸਾਰੀਆਂ ਟੈਕਸੀਆਂ ਵਿੱਚ ਇੱਕ ਮੀਟਰ ਲੱਗਿਆ ਹੁੰਦਾ ਹੈ ਜੋ ਤੁਹਾਡੀ ਯਾਤਰਾ ਦੀ ਸਮਾਪਤੀ 'ਤੇ ਦੇਣਯੋਗ ਕਿਰਾਇਆ ਦਿਖਾਉਂਦਾ ਹੈ, ਅਤੇ ਇੱਕ ਪੀਲੀ 'TAXI' ਬੱਤੀ ਲੱਗੀ ਹੁੰਦੀ ਹੈ।

ਪ੍ਰਾਈਵੇਟ ਹਾਇਰ ਵਿੱਚ ਮਿਨੀਕੈਬ, ਲਿਮੋਜ਼ਿਨ, ਐਗਜ਼ੀਕਿਊਟਿਵ ਕਾਰ ਸੇਵਾਵਾਂ ਅਤੇ ਸ਼ੋਫ਼ਰ ਚਾਲਿਤ ਵਾਹਨ ਸਹਿਤ ਬਹੁਤ ਤਰ੍ਹਾਂ ਦੀਆਂ ਸੇਵਾਵਾਂ ਆ ਜਾਂਦੀਆਂ ਹਨ।

ਸਾਰੀਆਂ ਮਿਨੀਕੈਬ ਅਤੇ ਪ੍ਰਾਈਵੇਟ ਹਾਇਰ ਯਾਤਰਾਵਾਂ ਨੂੰ ਕਿਸੇ ਲਾਇਸੈਂਸ ਪ੍ਰਾਪਤ ਪ੍ਰਾਈਵੇਟ ਹਾਇਰ ਆਪਰੇਟਰ ਦੇ ਕੋਲ ਬੁੱਕ ਕੀਤਾ ਜਾਣਾ ਜ਼ਰੂਰੀ ਹੁੰਦਾ ਹੈ – ਕੋਈ ਵੀ ਵਾਹਨ ਜੋ ਪ੍ਰਾਈਵੇਟ ਹਾਇਰ ਆਪਰੇਟਰ ਦੇ ਕੋਲ ਬੁੱਕ ਨਾ ਕੀਤਾ ਗਿਆ ਹੋਵੇ, ਲਾਇਸੈਂਸ ਰਹਿਤ, ਬੀਮਾ ਰਹਿਤ, ਅਸੁਰੱਖਿਅਤ ਅਤੇ ਗੈਰ ਕਾਨੂੰਨੀ ਹੁੰਦਾ ਹੈ।

ਗੁਆਚਿਆ ਸਮਾਨ

ਕਿਸੇ ਟੈਕਸੀ ਵਿੱਚ ਗੁਆਚੇ ਹੋਏ ਸਮਾਨ ਦੀ ਰਿਪੋਰਟ ਟ੍ਰਾਂਸਪੋਰਟ ਫ਼ਾਰ ਲੰਡਨ (TfL) ਦੇ ਲੌਸਟ ਪ੍ਰਾਪਰਟੀ ਆਫ਼ਿਸ (ਗੁਆਚੇ ਹੋਏ ਸਮਾਨ ਦੇ ਦਫ਼ਤਰ) ਵਿੱਚ ਕੀਤੀ ਜਾਣੀ ਚਾਹੀਦੀ ਹੈ ਅਤੇ ਤੁਸੀਂ **0845 330 9882*** 'ਤੇ ਫ਼ੋਨ ਕਰਕੇ ਲੌਸਟ ਪ੍ਰਾਪਰਟੀ ਆਫ਼ਿਸ ਨਾਲ ਸੰਪਰਕ ਕਰ ਸਕਦੇ ਹੋ ਜਾਂ ਇਹ ਪਤਾ ਕਰਨ ਲਈ ਕਿ ਕੀ ਤੁਹਾਡਾ ਸਮਾਨ ਮਿਲ ਗਿਆ ਹੈ, **tfl.gov.uk/lpo** 'ਤੇ ਲੌਸਟ ਪ੍ਰਾਪਰਟੀ ਫ਼ਾਰਮ ਨੂੰ ਵਰਤ ਸਕਦੇ ਹੋ।

ਕਿਸੇ ਟੈਕਸੀ ਵਿੱਚ ਗੁਆਚੇ ਹੋਏ ਸਮਾਨ ਨੂੰ ਲੌਸਟ ਪ੍ਰਾਪਰਟੀ ਆਫ਼ਿਸ ਪਹੁੰਚਣ ਵਿੱਚ ਸੱਤ ਦਿਨ ਤਕ ਲੱਗ ਸਕਦੇ ਹਨ।

ਪ੍ਰਾਈਵੇਟ ਹਾਇਰ ਵਾਹਨਾਂ ਵਿੱਚ ਮਿਲੇ ਸਮਾਨ ਨੂੰ ਸੰਬੰਧਤ ਆਪਰੇਟਰ ਦੇ ਆਫ਼ਿਸ ਵਿੱਚ ਰੱਖਿਆ ਜਾਂਦਾ ਹੈ, ਜਿੱਥੇ ਗੁਆਚੇ ਹੋਏ ਸਮਾਨ ਦਾ ਰਿਕਾਰਡ ਰੱਖਿਆ ਜਾਂਦਾ ਹੈ।

ਇਹ ਪਤਾ ਕਰਨ ਲਈ ਕਿ ਕੀ ਉਹਨਾਂ ਨੂੰ ਤੁਹਾਡਾ ਸਮਾਨ ਮਿਲਿਆ ਹੈ, ਕਿਰਪਾ ਕਰਕੇ ਉਸ ਆਪਰੇਟਰ ਨਾਲ ਸੰਪਰਕ ਕਰੋ ਜਿਸਦੇ ਕੋਲ ਤੁਸੀਂ ਬੁਕਿੰਗ ਕੀਤੀ ਸੀ।

4 ਅਪ੍ਰੈਲ 2009 ਤੋਂ ਟੈਕਸੀ ਦੇ ਕਿਰਾਏ

ਮੀਟਰ ਦਿਨ ਦੇ ਸਮੇਂ, ਤੈਅ ਕੀਤੀ ਦੂਰੀ ਅਤੇ ਟੈਕਸੀ ਦੀ ਗਤੀ ਦੇ ਅਧਾਰ 'ਤੇ ਵੱਧ ਤੋਂ ਵੱਧ ਕਿਰਾਏ ਦਾ ਹਿਸਾਬ ਲਗਾਉਂਦਾ ਹੈ। ਜਦੋਂ ਤਕ ਕਿ ਕੋਈ ਠੋਸ ਕਾਰਨ ਨਾ ਹੋਵੇ, ਡ੍ਰਾਈਵਰਾਂ ਨੂੰ 12 ਮੀਲ (ਜੇ ਹੀਥਰੋ ਏਅਰਪੋਰਟ ਵਿੱਚ ਹੋ ਤਾਂ 20 ਮੀਲ) ਤਕ ਜਾਂ ਜੇ ਮੰਜ਼ਲ ਗ੍ਰੇਟਰ ਲੰਡਨ ਵਿੱਚ ਹੋਵੇ ਤਾਂ ਇੱਕ ਘੰਟੇ ਦੀ ਮਿਆਦ ਤਕ ਦੀ ਕਿਰਾਏ ਦੀ ਮੰਗ ਨੂੰ ਲਾਜ਼ਮੀ ਤੌਰ 'ਤੇ ਸਵੀਕਾਰ ਕਰਨਾ ਚਾਹੀਦਾ ਹੈ।

ਜੇ ਮੰਜ਼ਲ ਗ੍ਰੇਟਰ ਲੰਡਨ ਦੇ ਬਾਹਰ ਹੈ, ਤਾਂ ਡ੍ਰਾਈਵਰ ਕਿਰਾਏ ਦੀ ਕਿਸੇ ਮੰਗ ਨੂੰ ਸਵੀਕਾਰ ਕਰਨ ਲਈ ਮਜਬੂਰ ਨਹੀਂ ਹੈ, ਅਤੇ ਅਜਿਹੀ ਯਾਤਰਾ ਲਈ ਡ੍ਰਾਈਵਰ ਅਤੇ ਟੈਕਸੀ ਕਿਰਾਏ 'ਤੇ ਲੈਣ ਵਾਲੇ ਦੇ ਵਿਚਕਾਰ ਕਿਰਾਏ ਦੀ ਸੌਦੇਬਾਜ਼ੀ ਕੀਤੀ ਜਾ ਸਕਦੀ ਹੈ।

ਆਮ ਕਿਰਾਏ:

ਕਿਰਪਾ ਕਰਕੇ ਨੋਟ ਕਰੋ ਕਿ ਜੇ ਦੇਰੀ ਜਾਂ ਬਹੁਤ ਜ਼ਿਆਦਾ ਟ੍ਰੈਫ਼ਿਕ ਹੋਵੇ ਤਾਂ ਕਿਰਾਏ ਅਤੇ ਸਮਾਂ ਦਿਖਾਏ ਗਏ ਨਾਲੋਂ ਵੱਧ ਹੋ ਸਕਦੇ ਹਨ।

ਮੀਟਰ 'ਤੇ ਟ੍ਰੈਫ਼ਿਕ ਕੋਡ		1	2	3
ਦੂਰੀ	ਮਿੰਟਾਂ ਵਿੱਚ ਯਾਤਰਾ ਦੇ ਅਨੁਮਾਨਿਤ ਸਮੇਂ	ਸੋਮਵਾਰ ਤੋਂ ਸ਼ੁੱਕਰਵਾਰ **06:00 – 20:00**	ਸੋਮਵਾਰ ਤੋਂ ਸ਼ੁੱਕਰਵਾਰ **20:00 -22:00** ਸ਼ਨੀਵਾਰ ਅਤੇ ਐਤਵਾਰ **06:00 – 22:00**	ਹਰ ਰਾਤ **22:00 – 06:00** ਅਤੇ ਪਬਲਿਕ ਛੁੱਟੀਆਂ
1 ਮੀਲ	5 - 12	£4.60 - £8.20	£4.80 - £8.20	£5.00 - £8.40
2 ਮੀਲ	8 - 15	£7.00 - £10.80	£7.00 - £11.00	£7.60 - £12.00
4 ਮੀਲ	15 - 30	£11.00 - £18.00	£13.00 - £18.00	£15.00 - £22.00
6 ਮੀਲ	20 - 40	£17.00 - £28.00	£19.00 - £28.00	£23.00 - £33.00
ਹੀਥਰੋ ਅਤੇ ਕੇਂਦਰੀ ਲੰਡਨ ਦੇ ਵਿਚਕਾਰ	30 - 60	£40.00 - £75.00		

ਸਾਰੇ ਸਮਿਆਂ 'ਤੇ £2.20 ਦਾ ਘੱਟੋ-ਘੱਟ ਕਿਰਾਇਆ ਲੱਗਦਾ ਹੈ।

ਸਮਾਨ ਜਾਂ ਵਾਧੂ ਯਾਤਰੀਆਂ ਲਈ ਕੋਈ ਵਾਧੂ ਮੁੱਲ ਨਹੀਂ ਹੁੰਦਾ।

ਵਾਧੂ ਮੁੱਲ (ਯਾਤਰਾ ਦੀ ਸ਼ੁਰੂਆਤ 'ਤੇ ਇਹਨਾਂ ਨੂੰ ਮੀਟਰ 'ਤੇ ਜੋੜ ਦਿੱਤਾ ਜਾਣਾ ਚਾਹੀਦਾ ਹੈ):

- **ਟੈਲੀਫ਼ੋਨ ਬੁਕਿੰਗ:** £2.00 ਤਕ;
- **ਹੀਥਰੋ ਏਅਰਪੋਰਟ:** ਏਅਰਪੋਰਟ ਤੋਂ ਸ਼ੁਰੂ ਹੋਣ ਵਾਲੀਆਂ ਯਾਤਰਾਵਾਂ ਲਈ £2.00;
- **ਕ੍ਰਿਸਮਸ/ਨਵਾਂ ਸਾਲ:** 24 ਦਸੰਬਰ ਨੂੰ 20:00 ਵਜੇ ਅਤੇ 27 ਦਸੰਬਰ ਨੂੰ 06:00 ਵਜੇ ਦੇ ਵਿਚਕਾਰ ਜਾਂ 31 ਦਸੰਬਰ ਨੂੰ 20:00 ਵਜੇ ਅਤੇ 2 ਜਨਵਰੀ 2010 ਨੂੰ 06:00 ਵਜੇ ਦੇ ਵਿਚਕਾਰ ਦੀਆਂ ਯਾਤਰਾਵਾਂ ਲਈ £4.00.

ਕੁਝ ਟੈਕਸੀਆਂ ਮੀਟਰ 'ਤੇ ਆਏ ਕਿਰਾਏ ਦੇ 10% ਅਤੇ 15% ਪ੍ਰਤੀਸ਼ਤ ਦੇ ਵਿਚਕਾਰ ਦੇ ਵਾਧੂ ਭੁਗਤਾਨ ਦੇ ਨਾਲ ਕ੍ਰੈਡਿਟ ਜਾਂ ਡੈਬਿਟ ਕਾਰਡ ਸਵੀਕਾਰ ਕਰਦੀਆਂ ਹਨ।

ਡ੍ਰਾਈਵਰ ਅਜਿਹੀ ਗੰਦਗੀ ਲਈ, ਜਿਸਦੇ ਲਈ ਟੈਕਸੀ ਨੂੰ ਸਫ਼ਾਈ ਲਈ ਸੇਵਾ ਤੋਂ ਬਾਹਰ ਕਰਨ ਦੀ ਲੋੜ ਹੋਵੇ, ਟੈਕਸੀ ਨੂੰ ਕਿਰਾਏ 'ਤੇ ਲੈਣ ਵਾਲੇ ਤੋਂ £40.00 ਤਕ ਦੀ **ਗੰਦਗੀ ਫ਼ੀਸ** ਲੈ ਸਕਦਾ ਹੈ।

ਰਸੀਦਾਂ

ਜੇ ਕੋਈ ਯਾਤਰੀ ਯਾਤਰਾ ਦੇ ਦੌਰਾਨ ਜਾਂ ਯਾਤਰਾ ਦੀ ਸਮਾਪਤੀ 'ਤੇ ਰਸੀਦ ਮੰਗੇ, ਤਾਂ ਟੈਕਸੀ ਡ੍ਰਾਈਵਰਾਂ ਨੂੰ ਰਸੀਦ ਜ਼ਰੂਰ ਦੇਣੀ ਚਾਹੀਦੀ ਹੈ।

ਪਰਵੇਸ਼ਯੋਗਤਾ

ਸਾਰੀਆਂ ਲਾਇਸੈਂਸ ਪ੍ਰਾਪਤ ਟੈਕਸੀਆਂ ਵਿੱਚ ਵ੍ਹੀਲਚੇਅਰ ਤੋਂ ਪਹੁੰਚ ਪ੍ਰਾਪਤ ਹੁੰਦੀ ਹੈ ਅਤੇ ਕਈ ਟੈਕਸੀਆਂ ਵਿੱਚ ਪਹੁੰਚ ਅਤੇ ਯਾਤਰਾ ਨੂੰ ਵਧੇਰੇ ਅਸਾਨ ਬਣਾਉਣ ਲਈ ਹੋਰ ਵਿਸ਼ੇਸ਼ਤਾਵਾਂ ਹੁੰਦੀਆਂ ਹਨ ਜਿਨ੍ਹਾਂ ਵਿੱਚ ਫ਼ੜਨ ਵਾਲੇ ਹੈਂਡਲ, ਘੁੰਮਣ ਵਾਲੀ ਸੀਟਾਂ, ਪੌੜੀ ਦਾ ਵਿਚਕਾਰਲਾ ਵਾਧੂ ਡੰਡਾ, ਇੰਡਕਸ਼ਨ ਲੂਪ (ਸੁਣਨ ਵਿੱਚ ਮੁਸ਼ਕਲਾਂ ਵਾਲੇ ਲੋਕਾਂ ਲਈ) ਅਤੇ ਇੰਟਰਕੌਮ ਸ਼ਾਮਲ ਹਨ। ਟੈਕਸੀ 'ਤੇ ਯਾਤਰਾ ਕਰਦੇ ਸਮੇਂ ਵ੍ਹੀਲਚੇਅਰਾਂ ਨੂੰ ਮਜ਼ਬੂਤੀ ਨਾਲ ਬੰਨ੍ਹ ਦਿੱਤਾ ਜਾਣਾ ਚਾਹੀਦਾ ਹੈ, ਜਦੋਂ ਤੁਸੀਂ ਅੰਦਰ ਦਾਖ਼ਲ ਹੁੰਦੇ ਹੋ ਤਾਂ ਕਿਰਪਾ ਕਰਕੇ ਡ੍ਰਾਈਵਰ ਤੋਂ ਸਲਾਹ ਅਤੇ ਸਹਾਇਤਾ ਮੰਗੋ।

ਪ੍ਰਾਈਵੇਟ ਹਾਇਰ ਵਾਹਨ ਆਮ ਤੌਰ 'ਤੇ ਸੈਲੂਨ ਕਾਰਾਂ ਜਾਂ ਲੋਕਾਂ ਨੂੰ ਢੋਣ ਵਾਲੇ ਵਾਹਨ ਹੁੰਦੇ ਹਨ ਪਰ ਕੁਝ ਪ੍ਰਾਈਵੇਟ ਹਾਇਰ ਆਪਰੇਟਰਾਂ ਦੇ ਕੋਲ ਵ੍ਹੀਲਚੇਅਰ ਤੋਂ ਪਹੁੰਚ ਦੀ ਸਹੂਲਤ ਵਾਲੇ ਵਾਹਨ ਉਪਲਬਧ ਹੁੰਦੇ ਹਨ। ਜਦੋਂ ਤੁਸੀਂ ਬੁਕਿੰਗ ਕਰਦੇ ਹੋ ਤਾਂ ਯਕੀਨੀ ਬਣਾਓ ਕਿ ਤੁਸੀਂ ਆਪਰੇਟਰ ਨੂੰ ਆਪਣੀਆਂ ਕੋਈ ਵੀ ਲੋੜਾਂ ਬਾਰੇ ਦਸਦੇ ਹੋ।

ਲਾਇਸੈਂਸ ਪ੍ਰਾਪਤ ਸਾਰੀਆਂ ਟੈਕਸੀਆਂ ਅਤੇ ਪ੍ਰਾਈਵੇਟ ਹਾਇਰ ਵਾਹਨ ਸਹਾਇਤਾ ਕੁੱਤਿਆਂ ਨੂੰ ਬਿਨਾਂ ਕਿਸੇ ਵਾਧੂ ਮੁੱਲ ਦੇ ਲੈ ਕੇ ਜਾਂਦੇ ਹਨ।

ਯਾਤਰੀਆਂ ਲਈ ਜਾਣਕਾਰੀ

ਦੋ ਸਥਾਨਕ ਮਿਨੀਕੈਬ ਆਪਰੇਟਰਾਂ ਅਤੇ ਇੱਕ ਟੈਕਸੀ ਦੇ ਨੰਬਰ ਸਿੱਧਾ ਤੁਹਾਡੇ ਮੋਬਾਈਲ ਫ਼ੋਨ 'ਤੇ ਭੇਜੇ ਜਾਣ ਲਈ ਕੈਬਵਾਈਜ਼ (Cabwise) ਦੀ ਵਰਤੋਂ ਕਰੋ, ਬਸ HOME ਲਿਖ ਕੇ 60835** 'ਤੇ ਟੈਕਸਟ ਸੁਨੇਹਾ ਭੇਜੋ ਅਤੇ ਨੰਬਰ ਸਿੱਧਾ ਤੁਹਾਡੇ ਫ਼ੋਨ 'ਤੇ ਭੇਜ ਦਿੱਤੇ ਜਾਣਗੇ।

ਪੇਸ਼ ਕੀਤੀ ਜਾਣ ਵਾਲੀ ਸੇਵਾ (ਮਿਨੀਕੈਬ, ਲਿਮੋਜ਼ਿਨ, ਆਦਿ) ਅਤੇ ਸੇਵਾ ਵਾਲੇ ਇਲਾਕੇ ਦੇ ਅਨੁਸਾਰ ਲਾਇਸੈਂਸ ਪ੍ਰਾਪਤ ਪ੍ਰਾਈਵੇਟ ਹਾਇਰ ਆਪਰੇਟਰਾਂ ਦਾ ਵੇਰਵਾ ਲੱਭਣ ਲਈ 'Findaride' (ਕੋਈ ਸਵਾਰੀ ਲੱਭੋ) ਦੀ ਵਰਤੋਂ ਕਰੋ। **tfl.gov.uk/findaride** 'ਤੇ ਜਾਓ।

ਲੰਦਨ ਦੇ ਕਿਸੇ ਵੀ ਹਿੱਸੇ ਵਿੱਚ, ਮਿਨੀਕੈਬਾਂ ਸਹਿਤ, ਟੈਕਸੀ ਅਤੇ ਪ੍ਰਾਈਵੇਟ ਹਾਇਰ ਸੇਵਾਵਾਂ ਬਾਰੇ ਜਾਣਕਾਰੀ ਲਈ **020 7222 1234** 'ਤੇ TfL ਦੇ 24 ਘੰਟੇ ਉਪਲਬਧ ਟ੍ਰੈਵਲ ਇਨਫ਼ਾਰਮੇਸ਼ਨ ਕਾਲ ਸੈਂਟਰ ਨੂੰ ਫ਼ੋਨ ਕਰੋ।

ਆਪਣੀ ਯਾਤਰਾ ਦੀ ਯੋਜਨਾ ਬਣਾਉਣ ਵਿੱਚ ਵਧੇਰੇ ਮਦਦ ਲਈ **tfl.gov.uk/traveltools** 'ਤੇ ਜਾਓ।

ਟਿੱਪਣੀਆਂ ਅਤੇ ਸ਼ਿਕਾਇਤਾਂ

ਜੇ ਤੁਸੀਂ ਲੰਦਨ ਦੀ ਕਿਸੇ ਟੈਕਸੀ ਜਾਂ ਉਸਦੇ ਡ੍ਰਾਈਵਰ ਬਾਰੇ ਕੋਈ ਸ਼ਿਕਾਇਤ ਕਰਨੀ ਚਾਹੁੰਦੇ ਹੋ, ਤਾਂ ਤੁਹਾਨੂੰ ਘਟਨਾ ਦੇ ਬਾਅਦ ਜਿੰਨੀ ਜਲਦੀ ਸੰਭਵ ਹੋ ਸਕੇ ਸਾਨੂੰ ਜਾਣਕਾਰੀ ਦੇਣੀ ਚਾਹੀਦੀ ਹੈ।

ਕੋਈ ਸ਼ਿਕਾਇਤ ਜਮ੍ਹਾਂ ਕਰਨ ਜਾਂ ਚੰਗੀ ਸੇਵਾ 'ਤੇ ਟਿੱਪਣੀ ਕਰਨ ਲਈ ਤੁਸੀਂ **tfl.gov.uk/contactcabs** 'ਤੇ ਟੈਕਸੀ ਸ਼ਿਕਾਇਤ ਫ਼ਾਰਮ ਦੀ ਵਰਤੋਂ ਕਰ ਸਕਦੇ ਹੋ, **coms@pco.org.uk** 'ਤੇ ਈਮੇਲ ਕਰ ਸਕਦੇ ਹੋ ਜਾਂ **0845 300 7000*** 'ਤੇ ਫ਼ੋਨ ਕਰ ਸਕਦੇ ਹੋ ਅਤੇ ਅਸੀਂ ਯਕੀਨੀ ਬਣਾਵਾਂਗੇ ਕਿ ਇਸਨੂੰ ਡ੍ਰਾਈਵਰ ਦੇ ਧਿਆਨ ਵਿੱਚ ਲਿਆਉਂਦਾ ਜਾਵੇ।

ਕਿਸੇ ਪ੍ਰਾਈਵੇਟ ਹਾਇਰ ਡ੍ਰਾਈਵਰ ਜਾਂ ਆਪਰੇਟਰ ਦੁਆਰਾ ਮੁਹੱਈਆ ਕੀਤੀ ਗਈ ਸੇਵਾ ਬਾਰੇ ਤੁਹਾਡੀ ਕਿਸੇ ਵੀ ਸ਼ਿਕਾਇਤ ਦੀ ਰਿਪੋਰਟ ਉਸ ਆਪਰੇਟਰ ਨੂੰ ਕੀਤੀ ਜਾਣੀ ਚਾਹੀਦੀ ਹੈ ਜਿਸਦੇ ਕੋਲ ਤੁਸੀਂ ਬੁਕਿੰਗ ਕੀਤੀ ਸੀ। ਜੇ ਤੁਸੀਂ ਨਤੀਜੇ ਤੋਂ ਸੰਤੁਸ਼ਟ ਨਹੀਂ ਹੋ, ਜਾਂ ਸਮਝਦੇ ਹੋ ਕਿ ਆਪਰੇਟਰ ਨੇ ਤੁਹਾਡੀ ਸ਼ਿਕਾਇਤ ਦੀ ਜਾਂਚ-ਪੜਤਾਲ ਤਸੱਲੀਬਖ਼ਸ਼ ਢੰਗ ਨਾਲ ਨਹੀਂ ਕੀਤੀ ਹੈ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

*0845 ਨੰਬਰਾਂ 'ਤੇ ਕੀਤੀਆਂ ਜਾਣ ਵਾਲੀਆਂ ਕਾਲਾਂ ਵਿੱਚ ਵੱਖ-ਵੱਖ ਫ਼ੋਨ ਪ੍ਰਦਾਤਾਵਾਂ ਦੇ ਮੁੱਲ ਵਿੱਚ ਫ਼ਰਕ ਹੋ ਸਕਦਾ ਹੈ।

** ਟੈਕਸਟ ਸੁਨੇਹੇ ਲਈ ਪ੍ਰਤਿ ਪੁੱਛਗਿੱਛ 35p ਅਤੇ ਆਮ ਟੈਕਸਟ ਸੁਨੇਹਾ ਦਰ 'ਤੇ ਮੁੱਲ ਲਿਆ ਜਾਂਦਾ ਹੈ। ਵਿਦੇਸ਼ ਦੇ ਨੈਟਵਰਕਾਂ 'ਤੇ ਰੋਮਿੰਗ ਦਰਾਂ ਲਾਗੂ ਹੁੰਦੀਆਂ ਹਨ। 3 ਨੈਟਵਰਕ ਦੇ ਗਾਹਕਾਂ ਨੂੰ ਵੱਖਰੀ ਜਾਣਕਾਰੀ ਦਰਜ ਕਰਨ ਦੀ ਲੋੜ ਹੁੰਦੀ ਹੈ।
ਵਧੇਰੇ ਜਾਣਕਾਰੀ ਲਈ **tfl.gov.uk/cabwise** 'ਤੇ ਦੇਖੋ।

ਵੈਬਸਾਈਟ

tfl.gov.uk

24 ਘੰਟੇ ਯਾਤਰਾ ਬਾਰੇ ਜਾਣਕਾਰੀ

020 7222 1234

ਗੁਆਚਿਆ ਸਮਾਨ

0845 330 9882